

Punjabi | ਪੰਜਾਬੀ

# SMART WATER ADVICE

# ਬਗੀਚੇ ਵਿੱਚ ਪਾਣੀ ਦੀ ਬੱਚਤ

## ਮੀਂਹ ਦਾ ਪਾਣੀ ਸੰਭਾਲਣ ਲਈ ਟੈਂਕ ਲਗਾਓ

- ਮੀਂਹ ਦੇ ਪਾਣੀ ਦੇ ਟੈਂਕ ਪਾਣੀ ਦੀ ਬੱਚਤ ਕਰਦੇ ਹਨ ਅਤੇ ਵਾਤਾਵਰਣ ਦੀ ਰੱਖਿਆ ਕਰਨ ਵਿੱਚ ਮਦਦ ਕਰਦੇ ਹਨ।
- ਮੀਂਹ ਦੇ ਪਾਣੀ ਦੇ ਟੈਂਕ ਬਗੀਚੇ ਨੂੰ ਪਾਣੀ ਦੇਣ ਲਈ ਵਧੇਰੇ ਲਚਕੀਲੇ ਤਰੀਕੇ ਪ੍ਰਦਾਨ ਕਰਦੇ ਹਨ।
- ਤੁਸੀਂ ਆਪਣੇ ਮੀਂਹ ਦੇ ਪਾਣੀ ਵਾਲੇ ਟੈਂਕ ਨੂੰ ਆਪਣੇ ਟਾਇਲਟ ਅਤੇ/ਜਾਂ ਕੱਪੜੇ ਧੋਣ ਵਾਲੀ ਮਸ਼ੀਨ ਨਾਲ ਵੀ ਜੋੜ ਸਕਦੇ ਹੋ ਅਤੇ ਹੋਰ ਵੀ ਜ਼ਿਆਦਾ ਪਾਣੀ ਬਚਾ ਸਕਦੇ ਹੋ।
- ਪਾਣੀ ਦੀ ਮੁੱਖ ਸਪਲਾਈ ਦੀ ਥਾਂ 'ਤੇ ਮੀਂਹ ਦੇ ਪਾਣੀ ਦੀ ਵਰਤੋਂ ਕਰਨ ਨਾਲ ਤੁਹਾਡੇ ਪਾਣੀ ਦੇ ਬਿੱਲ ਵਿੱਚ ਪਾਣੀ ਦੀ ਮਾਤਰਾ ਅਨੁਸਾਰ ਲੱਗਣ ਵਾਲੇ ਖ਼ਰਚੇ ਘੱਟ ਜਾਣਗੇ।

## ਮਲਚ ਦੀ ਵਰਤੋਂ ਕਰੋ

- ਮਲਚ ਮਿੱਟੀ ਵਿੱਚੋਂ ਪਾਣੀ ਦੇ ਵਾਸ਼ਪੀਕਰਨ ਨੂੰ 70% ਤੱਕ ਘਟਾ ਸਕਦੀ ਹੈ।
- ਮਲਚ ਘਾਹ-ਫੂਸ ਨੂੰ ਉੱਗਣ ਤੋਂ ਰੋਕਦੀ ਹੈ, ਮਿੱਟੀ ਵਿੱਚ ਪੌਸ਼ਟਿਕ ਤੱਤ ਸ਼ਾਮਲ ਕਰਦੀ ਹੈ ਅਤੇ ਪਾਣੀ ਦੇ ਵਹਾਅ ਨਾਲ ਮਿੱਟੀ ਦੇ ਵਹਿ ਜਾਣ ਅਤੇ ਹਿੱਲਣ ਨੂੰ ਘਟਾਉਂਦੀ ਹੈ।

## ਸਿਰਫ਼ ਲੋੜ ਹੋਣ ‘ਤੇ ਹੀ ਪਾਣੀ ਦਿਓ

- ਆਪਣੀ ਉਂਗਲ ਮਿੱਟੀ ਵਿੱਚ ਪਾ ਕੇ ਵੇਖੋ, ਅਤੇ ਜੇਕਰ ਸਤ੍ਹਾ ਤੋਂ ਹੇਠਾਂ ਮਿੱਟੀ ਨਮੀ ਵਾਲੀ ਹੈ ਤਾਂ ਤੁਹਾਨੂੰ ਪਾਣੀ ਦੇਣ ਦੀ ਲੋੜ ਨਹੀਂ ਹੈ।
- ਮੌਸਮ ਦੀ ਭਵਿੱਖਬਾਣੀ ਦੀ ਜਾਂਚ ਕਰੋ। ਜੇਕਰ ਮੀਂਹ ਪੈਣ ਦੀ ਸੰਭਾਵਨਾ ਹੈ, ਤਾਂ ਮੀਂਹ ਨੂੰ ਹੀ ਤੁਹਾਡੇ ਬਗੀਚੇ ਨੂੰ ਪਾਣੀ ਦੇਣ ਦਿਓ।
- ਬਗੀਚੇ ਨੂੰ ਪਾਣੀ ਦੇਣ ਦਾ ਸਭ ਤੋਂ ਵਧੀਆ ਸਮਾਂ ਸਵੇਰੇ ਜਲਦੀ ਜਾਂ ਦੇਰ ਸ਼ਾਮ ਹੁੰਦਾ ਹੈ, ਪਾਣੀ ਦੇਣ ਦੇ ਸਮਿਆਂ ਬਾਰੇ ਆਪਣੇ ਸਥਾਨਕ ਪਾਣੀ ਸਪਲਾਇਰ ਤੋਂ ਪਤਾ ਕਰੋ।
- ਸਿਰਫ਼ ਪੌਦੇ ਦੀਆਂ ਜੜ੍ਹਾਂ ਵਾਲੇ ਹਿੱਸੇ ਨੂੰ ਹੀ ਪਾਣੀ ਦਿਓ, ਤਾਂ ਜੋ ਉਨ੍ਹਾਂ ਥਾਵਾਂ ‘ਤੇ ਪਾਣੀ ਬਰਬਾਦ ਨਾ ਹੋਵੇ ਜਿੱਥੇ ਪੌਦੇ ਇਸਨੂੰ ਵਰਤ ਨਹੀਂ ਸਕਦੇ ਹਨ।
- ਜਿੱਥੇ ਸੰਭਵ ਹੋਵੇ, ਮਲਚ ਦੇ ਹੇਠਾਂ ਡ੍ਰਿਪ ਇਰੀਗੇਸ਼ਨ (ਤੁਪਕਾ ਸਿੰਚਾਈ) ਪ੍ਰਣਾਲੀ ਦੀ ਵਰਤੋਂ ਕਰੋ, ਕਿਉਂਕਿ ਇਹ ਬਗੀਚੇ ਨੂੰ ਪਾਣੀ ਦੇਣ ਦਾ ਸਭ ਤੋਂ ਵੱਧ ਪਾਣੀ-ਬਚਾਉ ਤਰੀਕਾ ਹੈ।

## ਪੌਦਿਆਂ ਨੂੰ ਸੋਚ-ਸਮਝ ਕੇ ਧਿਆਨ ਨਾਲ ਚੁਣੋ

- ਜਿੱਥੇ ਵੀ ਸੰਭਵ ਹੋਵੇ, ਉਹ ਪੌਦੇ ਚੁਣੋ ਜਿਨ੍ਹਾਂ ਨੂੰ ਘੱਟ ਪਾਣੀ ਦੀ ਲੋੜ ਹੁੰਦੀ ਹੈ।
- ਇੱਕੋ ਜਿਹੀ ਪਾਣੀ ਦੀ ਲੋੜ ਵਾਲੇ ਪੌਦਿਆਂ ਨੂੰ ਇਕੱਠੇ ਲਗਾਓ, ਇਸ ਨਾਲ ਪਾਣੀ ਦੀ ਬੱਚਤ ਹੁੰਦੀ ਹੈ ਅਤੇ ਪੌਦਿਆਂ ਨੂੰ ਸਹੀ ਮਾਤਰਾ ਵਿੱਚ ਪਾਣੀ ਮਿਲਣ ਕਰਕੇ ਉਹ ਵਧੇਰੇ ਤੰਦਰੁਸਤ ਰਹਿੰਦੇ ਹਨ।
- ਪੌਦਿਆਂ ਦੀ ਚੋਣ ਕਰਦੇ ਸਮੇਂ ਆਪਣੀ ਮਿੱਟੀ ਦੀ ਕਿਸਮ ਅਤੇ ਛਾਂ ਦੀ ਮਾਤਰਾ 'ਤੇ ਵਿਚਾਰ ਕਰੋ।



## ਪਾਣੀ ਲੀਕ ਹੋਣ ਦੀ ਜਾਂਚ ਕਰੋ

- ਪਾਣੀ ਲੀਕ ਹੋਣ ਦੇ ਸੰਕੇਤਾਂ ਜਾਂ ਆਵਾਜ਼ਾਂ ਲਈ ਨਿਯਮਿਤ ਤੌਰ 'ਤੇ ਆਪਣੀਆਂ ਟੂਟੀਆਂ ਦੀ ਜਾਂਚ ਕਰੋ।
- 1 ਤੁਪਕਾ ਪ੍ਰਤੀ ਸਕਿੰਟ ਦੀ ਦਰ ਨਾਲ ਟਪਕਣ ਵਾਲੀ ਟੂਟੀ ਸਾਲ ਵਿੱਚ 12,000 ਲੀਟਰ ਤੋਂ ਵੱਧ ਪਾਣੀ ਗੁਆ ਦਿੰਦੀ ਹੈ। ਬਗੀਚੇ ਦੀਆਂ ਟੂਟੀਆਂ ਸਸਤੀਆਂ ਅਤੇ ਬਦਲਣ ਵਿੱਚ ਆਸਾਨ ਹੁੰਦੀਆਂ ਹਨ।
- ਜ਼ਮੀਨ 'ਤੇ ਦਿੱਖਣ ਵਾਲੇ ਗਿੱਲੇ ਧੱਬੇ, ਇਸ ਗੱਲ ਦਾ ਸੰਕੇਤ ਹੋ ਸਕਦੇ ਹਨ ਕਿ ਜ਼ਮੀਨ ਹੇਠਾਂ ਪਾਈਪ ਜਾਂ ਸਿੰਚਾਈ ਪ੍ਰਣਾਲੀ ਵਿੱਚ ਲੀਕ ਹੈ। ਲੀਕ ਹੋ ਰਹੀਆਂ ਪਾਈਪਾਂ ਨੂੰ ਠੀਕ ਕਰਵਾਉਣ ਲਈ ਪਲੰਬਰ ਨੂੰ ਬੁਲਾਓ।



## ਪਾਣੀ ਦੀ ਬੱਚਤ ਦੇ ਸਥਾਈ ਨਿਯਮ

- ਪਾਣੀ ਦੀ ਬੱਚਤ ਦੇ ਸਥਾਈ ਨਿਯਮ ਸਾਲ ਦੇ ਹਰ ਦਿਨ ਲਾਗੂ ਹੁੰਦੇ ਹਨ।
- ਲੀਕ-ਮੁਕਤ ਟ੍ਰਿਗਰ ਨੋਜ਼ਲ ਨਾਲ ਲੱਗੀ ਹੋਈ ਹੱਥ ਵਿੱਚ ਫੜ੍ਹਨ ਵਾਲੀ ਪਾਈਪ ਜਾਂ ਬਾਲਟੀ ਕਿਸੇ ਵੀ ਸਮੇਂ ਵਰਤੀ ਜਾ ਸਕਦੀ ਹੈ।
- ਖ਼ਾਸ ਹਾਲਾਤਾਂ ਤੋਂ ਇਲਾਵਾ, ਡ੍ਰਾਈਵ-ਵੇਅ ਜਾਂ ਰਸਤੇ ਨੂੰ ਪਾਈਪ ਨਾਲ ਧੋਣ ਦੀ ਆਗਿਆ ਨਹੀਂ ਹੈ। ਜਾਣਕਾਰੀ ਲਈ ਆਪਣੇ ਸਥਾਨਕ ਜਲ ਨਿਗਮ ਦੀ ਵੈੱਬਸਾਈਟ ਵੇਖੋ।

ਵਧੇਰੇ ਜਾਣਕਾਰੀ ਲਈ, ਮੀਂਹ ਦੇ ਪਾਣੀ ਨੂੰ ਸੰਭਾਲਣ ਵਾਲੀਆਂ ਟੈਂਕੀਆਂ, ਮਲਚ ਅਤੇ ਲੀਕ ਦਾ ਪਤਾ ਲਗਾਉਣ ਬਾਰੇ ਸਾਡੀਆਂ ਤੱਥ ਸ਼ੀਟਾਂ ਵੇਖੋ।

**The Water Conservancy ਯੂ-ਟਿਊਬ ਚੈਨਲ 'ਤੇ 'ਕਿਵੇਂ ਕਰੀਏ' ਵੀਡੀਓ ਗਾਈਡਾਂ ਦੇਖੋ।**

SMART WATER ADVICE

**ਹੋਰ ਜਾਣਕਾਰੀ ਲਈ, ਇੱਥੇ ਵੇਖੋ:**
**www.smartwateradvice.org**

ਪੇਸ਼ਕਰਤਾ

the water conservancy